ਮਿੱਠੇ ਬੱਚੇ:- "ਮਿੱਠੇ ਬੱਚੇ ਮੈਂ ਵਿਦੇਹੀ ਬਾਪ ਤੁਹਾਨੂੰ ਦੇਹਧਾਰੀਆਂ ਨੂੰ ਵਿਦੇਹੀ ਬਣਾਉਣ ਦੇ ਲਈ ਪੜ੍ਹਾਉਂਦਾ ਹਾਂ, ਇਹ ਹੈ ਨਵੀਂ ਗੱਲ ਜੋ ਬੱਚੇ ਹੀ ਸਮਝਦੇ ਹਨ"

ਪ੍ਰਸ਼ਨ:- ਬਾਬਾ ਨੂੰ ਇੱਕ ਹੀ ਗੱਲ ਬਾਰ - ਬਾਰ ਸਮਝਾਉਣ ਦੀ ਜ਼ਰੂਰਤ ਕਿਉਂ ਪੈਂਦੀ ਹੈ।?

ਉੱਤਰ:- ਕਿਉਂਕਿ ਬੱਚੇ ਘੜੀ - ਘੜੀ ਭੁੱਲ ਜਾਂਦੇ ਹਨ। ਕੋਈ - ਕੋਈ ਬੱਚੇ ਕਹਿੰਦੇ ਹਨ - ਬਾਬਾ ਤੇ ਉਹ ਹੀ ਗੱਲ ਬਾਰ - ਬਾਰ ਸਮਝਾਉਂਦੇ ਹਨ। ਬਾਬਾ ਕਹਿੰਦੇ - ਬੱਚੇ, ਮੈਨੂੰ ਜ਼ਰੂਰ ਉਹ ਹੀ ਗੱਲ ਸੁਣਾਉਣੀ ਪੈਂਦੀ ਹੈ ਕਿਉਂਕਿ ਤੁਸੀਂ ਭੁੱਲ ਜਾਂਦੇ ਹੋ। ਤੁਹਾਨੂੰ ਮਾਇਆ ਦੇ ਤੂਫ਼ਾਨ ਹੈਰਾਨ ਕਰਦੇ ਹਨ, ਜੇਕਰ ਮੈਂ ਰੋਜ ਖ਼ਬਰਦਾਰ ਨਾ ਕਰਾਂ ਤਾਂ ਤੁਸੀਂ ਮਾਇਆ ਦੇ ਤੂਫ਼ਾਨਾਂ ਤੋਂ ਹਾਰ ਖਾ ਲਵੋਗੇ। ਹਾਲੇ ਤੱਕ ਤੁਸੀਂ ਸਤੋਪ੍ਰਧਾਨ ਕਿੱਥੇ ਬਣੇ ਹੋ? ਜਦੋਂ ਬਣ ਜਾਵੋਗੇ ਤਾਂ ਸੁਣਾਉਣਾ ਬੰਦ ਕਰ ਦੇਵਾਂਗਾ।

ਓਮ ਸ਼ਾਂਤੀ। ਇਸਨੂੰ ਵਚਿੱਤਰ ਰੂਹਾਨੀ ਪੜ੍ਹਾਈ ਵੀ ਕਿਹਾ ਜਾਂਦਾ ਹੈ। ਨਵੀਂ ਦੁਨੀਆਂ ਸਤਿਯੁਗ ਵਿੱਚ ਵੀ ਦੇਹਧਾਰੀ ਹੀ ਇੱਕ - ਦੂਸਰੇ ਨੂੰ ਪੜ੍ਹਾਉਂਦੇ ਹਨ। ਨਾਲੇਜ਼ ਤਾਂ ਸਭ ਪੜ੍ਹਾਉਂਦੇ ਹਨ। ਇੱਥੇ ਵੀ ਪੜ੍ਹਾਉਂਦੇ ਹਨ। ਉਹ ਸਭ ਦੇਹਧਾਰੀ ਇੱਕ - ਦੂਸਰੇ ਨੂੰ ਪੜ੍ਹਾਉਂਦੇ ਹਨ, ਅਜਿਹਾ ਕਦੇ ਨਹੀਂ ਹੋਵੇਗਾ ਕਿ ਵਿਦੇਹੀ ਬਾਪ ਜਾਂ ਰੂਹਾਨੀ ਬਾਪ ਪੜ੍ਹਾਉਂਦੇ ਹੋਣ। ਸ਼ਾਸਤਰਾਂ ਵਿੱਚ ਵੀ ਸ਼੍ਰੀਕ੍ਰਿਸ਼ਨ ਭਗਵਾਨੁਵਾਚ ਲਿਖ ਦਿੱਤਾ ਹੈ। ਉਹ ਵੀ ਜਿਸਮਾਨੀ ਹੋ ਗਿਆ। ਇਹ ਨਵੀਂ ਗੱਲ ਸੁਣਕੇ ਮੁੰਝ ਜਾਂਦੇ ਹਨ। ਤੁਹਾਡੇ ਵਿੱਚ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਸਮਝਦੇ ਹਨ ਕਿ ਰੂਹਾਨੀ ਬਾਪ ਸਾਨੂੰ ਰੂਹਾਂ ਨੂੰ ਪੜ੍ਹਾਉਂਦੇ ਹਨ। ਇਹ ਹੈ ਨਵੀਂ ਗੱਲ। ਸਿਰਫ਼ ਇਸ ਸੰਗਮ ਤੇ ਹੀ ਬਾਪ ਖ਼ੁੱਦ ਆਕੇ ਕਹਿੰਦੇ ਹਨ, ਇਸ ਦੁਆਰਾ ਮੈਂ ਤੁਹਾਨੂੰ ਪੜ੍ਹਾਉਂਦਾ ਹਾਂ। ਗਿਆਨ ਦਾ ਸਾਗਰ, ਸ਼ਾਂਤੀ ਦਾ ਸਾਗਰ, ਸਾਰੀਆਂ ਆਤਮਾਵਾਂ ਦਾ ਬਾਪ ਵੀ ਉਹ ਹੀ ਹੈ। ਇਹ ਸਮਝ ਦੀ ਗੱਲ ਹੈ ਨਾ। ਵੇਖਣ ਵਿੱਚ ਤੇ ਕੁਝ ਨਹੀਂ ਆਉਂਦਾ। ਆਤਮਾ ਹੀ ਹੈ ਮੁੱਖ ਅਤੇ ਉਹ ਅਵਿਨਾਸ਼ੀ ਹੈ। ਸ਼ਰੀਰ ਤਾਂ ਵਿਨਾਸ਼ੀ ਹੈ। ਹੁਣ ਉਹ ਅਵਿਨਾਸ਼ੀ ਆਤਮਾ ਬੈਠ ਪੜ੍ਹਾਉਂਦੀ ਹੈ। ਭਾਵੇਂ ਤੁਸੀਂ ਸਾਮਣੇ ਵੇਖਦੇ ਹੋ ਇਹ ਤਾਂ ਸਾਕਾਰ ਵਿੱਚ ਸ਼ਰੀਰ ਬੈਠਾ ਹੈ ਪਰੰਤੂ ਇਹ ਤੁਸੀਂ ਜਾਣਦੇ ਹੋ, ਇਹ ਗਿਆਨ ਦੇਹਧਾਰੀ ਨਹੀਂ ਦਿੰਦੇ ਹਨ। ਗਿਆਨ ਦੇਣ ਵਾਲਾ ਵਿਦੇਹੀ ਬਾਪ ਹੈ। ਕਿਵੇਂ ਦਿੰਦੇ ਹਨ? ਉਹ ਵੀ ਤੁਸੀਂ ਸਮਝਦੇ ਹੋ। ਮਨੁੱਖ ਤਾਂ ਬੜਾ ਮੁਸ਼ਕਿਲ ਸਮਝਦੇ ਹਨ। ਕਿੰਨਾ ਤੁਹਾਨੂੰ ਮੱਥਾ ਮਾਰਨਾ ਪੈਂਦਾ ਹੈ - ਇਹ ਨਿਸ਼ਚੇ ਕਰਵਾਉਣ ਦੇ ਲਈ। ਉਹ ਤਾਂ ਕਹਿ ਦਿੰਦੇ ਨਿਰਕਾਰ ਦਾ ਕੋਈ ਨਾਮ ਰੂਪ, ਦੇਸ਼, ਕਾਲ ਹੀ ਨਹੀਂ ਹੈ। ਉਹ ਬਾਪ ਆਪ ਬੈਠ ਪੜ੍ਹਾਉਂਦੇ ਹਨ। ਕਹਿੰਦੇ ਹਨ ਮੈਂ ਸਭ ਆਤਮਾਵਾਂ ਦਾ ਬਾਪ ਹਾਂ, ਜਿਸਨੂੰ ਤੁਸੀਂ ਵੇਖ ਨਹੀਂ ਸਕਦੇ ਹੋ। ਸਮਝਦੇ ਹੋ ਉਹ ਵਿਦੇਹੀ ਹੈ। ਗਿਆਨ, ਆਨੰਦ, ਪ੍ਰੇਮ ਦਾ ਸਾਗਰ ਹੈ। ਉਹ ਕਿਵੇਂ ਪੜ੍ਹਾਉਣਗੇ। ਬਾਪ ਖ਼ੁੱਦ ਸਮਝਾਉਂਦੇ ਹਨ - ਮੈਂ ਕਿਵੇਂ ਆਉਂਦਾ ਹਾਂ, ਕਿਸ ਦਾ ਆਧਾਰ ਲੈਂਦਾ ਹਾਂ? ਮੈਂ ਕੋਈ ਗਰਭ ਤੋਂ ਜਨਮ ਨਹੀਂ ਲੈਂਦਾ ਹਾਂ? ਮੈਂ ਕਦੇ ਮਨੁੱਖ ਜਾਂ ਦੇਵਤਾ ਨਹੀਂ ਬਣਦਾ ਹਾਂ। ਦੇਵਤਾ ਵੀ ਸ਼ਰੀਰ ਲੈਂਦੇ ਹਨ। ਮੈਂ ਤੇ ਸਦਾ ਅਸ਼ਰੀਰੀ ਹੀ ਰਹਿੰਦਾ ਹਾਂ। ਮੇਰਾ ਹੀ ਡਰਾਮੇ ਵਿੱਚ ਇਹ ਪਾਰਟ ਹੈ, ਜੋ ਮੈਂ ਕਦੇ ਪੁਨਰਜਨਮ ਵਿੱਚ ਨਹੀਂ ਆਉਂਦਾ ਹਾਂ। ਤਾਂ ਇਹ ਸਮਝ ਦੀ ਗੱਲ ਹੈ ਨਾ। ਵੇਖਣ ਵਿੱਚ ਤੇ ਆਉਂਦਾ ਹੀ ਨਹੀਂ। ਉਹ ਤਾਂ ਸਮਝਦੇ ਹਨ ਸ਼੍ਰੀਕ੍ਰਿਸ਼ਨ ਭਗਵਾਨੁਵਾਚ। ਭਗਤੀ ਮਾਰਗ ਵਿੱਚ ਰਥ ਵੀ ਕਿਵੇਂ ਬੈਠ ਬਣਾਇਆ ਹੈ। ਬਾਪ ਕਹਿੰਦੇ ਹਨ - ਬੱਚੇ, ਤੁਸੀਂ ਮੁੰਝਦੇ ਤਾਂ ਨਹੀਂ ਹੋ? ਜੇਕਰ ਕੁਝ ਨਹੀਂ ਸਮਝਦੇ ਹੋ ਤਾਂ ਬਾਪ ਕੋਲੋਂ ਆਕੇ ਸਮਝੋ। ਉਵੇਂ ਤਾਂ ਬਿਨਾਂ ਪੁੱਛੇ ਵੀ ਬਾਪ ਸਭ ਕੁਝ ਸਮਝਾਉਂਦੇ ਰਹਿੰਦੇ ਹਨ। ਤੁਹਾਨੂੰ ਵੀ ਪੁੱਛਣ ਦੀ ਜਰੂਰਤ ਨਹੀਂ ਹੈ। ਮੈਂ ਇਸ ਪੁਰਸ਼ੋਤਮ ਸੰਗਮ ਤੇ ਹੀ ਅਵਤਾਰ ਲੈਂਦਾ ਹਾਂ। ਮੇਰਾ ਜਨਮ ਵੀ ਵੰਡਰਫੁਲ ਹੈ। ਤੁਹਾਨੂੰ ਬੱਚਿਆਂ ਨੂੰ ਵੀ ਵੰਡਰ ਲਗਦਾ ਹੈ। ਕਿੰਨਾ ਵੱਡੇ ਤੋਂ ਵੱਡਾ ਇਮਤਿਹਾਨ ਪਾਸ ਕਰਵਾਉਂਦੇ ਹਨ। ਬਹੁਤ ਵੱਡੇ ਤੋਂ ਵੱਡਾ ਵਿਸ਼ਵ ਦਾ ਮਾਲਿਕ ਬਣਾਉਣ ਲਈ ਪੜ੍ਹਾਉਂਦੇ ਹਨ। ਵੰਡਰਫੁਲ ਗੱਲ ਹੈ ਨਾ। ਹੇ ਆਤਮਾਓਂ, ਹਰ 5 ਹਜ਼ਾਰ ਸਾਲ ਬਾਦ ਮੈਂ ਤੁਹਾਡੀ ਸਰਵਿਸ ਵਿੱਚ ਆਉਂਦਾ ਹਾਂ। ਆਤਮਾਵਾਂ ਨੂੰ ਪੜ੍ਹਾਉਂਦੇ ਹਨ ਨਾ। ਕਲਪ - ਕਲਪ, ਕਲਪ ਦੇ ਸੰਗਮਯੁਗੇ ਤੁਹਾਡੀ ਸੇਵਾ ਵਿੱਚ ਆਉਂਦਾ ਹਾਂ। ਅੱਧਾਕਲਪ ਤੁਸੀਂ ਪੁਕਾਰਦੇ ਆਏ ਹੋ - ਹੇ ਬਾਬਾ, ਹੇ ਪਤਿਤ ਪਾਵਨ ਆਓ। ਸ਼੍ਰੀਕ੍ਰਿਸ਼ਨ ਨੂੰ ਕੋਈ ਪਤਿਤ ਪਾਵਨ ਨਹੀਂ ਕਹਿੰਦੇ ਹਨ। ਪਤਿਤ ਪਾਵਨ ਪਰਮਪਿਤਾ ਪਰਮਾਤਮਾ ਨੂੰ ਹੀ ਕਹਿੰਦੇ ਹਨ। ਤਾਂ ਬਾਬਾ ਨੂੰ ਵੀ ਆਉਣਾ ਪਵੇਗਾ ਪਤਿਤਾਂ ਨੂੰ ਪਾਵਨ ਬਣਾਉਣ, ਇਸ ਲਈ ਕਿਹਾ ਜਾਂਦਾ ਹੈ - ਅਕਾਲ ਮੂਰਤ - ਸਤ ਬਾਬਾ, ਅਕਾਲ ਮੂਰਤ - ਸਤ ਟੀਚਰ, ਅਕਾਲ ਮੂਰਤ - ਸਤਿਗੁਰੂ। ਸਿੱਖ ਲੋਕਾਂ ਦੇ ਵੀ ਬਹੁਤ ਵਧੀਆ ਸਲੋਗਨ ਹਨ। ਪ੍ਰੰਤੂ ਉਹਨਾਂ ਨੂੰ ਪਤਾ ਨਹੀਂ ਹੈ ਕਿ ਸਤਿਗੁਰੂ ਅਕਾਲ ਮੂਰਤ ਆਉਂਦੇ ਕਦੋਂ ਹਨ। ਇਹ ਵੀ ਗਾਇਨ ਹੈ - ਮਨੁੱਖ ਤੋਂ ਦੇਵਤਾ ਕੀਤੇ ਕਰਤ ਨਾ ਲਾਗੀ ਵਾਰ…। ਕਦੋਂ ਆਕੇ ਮਨੁੱਖਾਂ ਨੂੰ ਦੇਵਤਾ ਬਣਾਉਂਦੇ ਹਨ? ਉਹ ਹੀ ਸਭ ਦੀ ਸਦਗਤੀ ਕਰਨ ਵਾਲਾ ਹੈ, ਇਹ ਤਾਂ ਪੱਕਾ ਨਿਸ਼ਚੇ ਹੋਣਾ ਚਾਹੀਦਾ ਹੈ। ਕੀ ਆਕੇ ਕਹਿੰਦੇ ਹਨ ? ਸਿਰਫ਼ ਕਹਿੰਦੇ ਹਨ ਮਨਮਨਾਭਵ। ਉਸਦਾ ਅਰਥ ਵੀ ਸਮਝਾਉਂਦੇ ਹਨ ਹੋਰ ਕੋਈ ਵੀ ਅਰਥ ਨਹੀਂ ਸਮਝਾਉਂਦੇ। ਤੁਹਾਨੂੰ ਸਤਿਗੁਰੂ ਅਕਾਲਮੂਰਤ ਬੈਠਕੇ ਸਮਝਾਉਂਦੇ ਹਨ ਇਸ ਦੇਹ ਦੁਆਰਾ ਕਿ ਆਪਣੇ ਨੂੰ ਆਤਮਾ ਸਮਝੋ, ਤਾਂ ਇਹ ਸਮਝਣਾ ਚਾਹੀਦਾ ਹੈ। ਵਿਸ਼ਵ ਦਾ ਮਾਲਿਕ ਬਣਾਉਣ ਦੇ ਲਈ ਬਾਪ ਨੂੰ ਆਉਣਾ ਪੈਂਦਾ ਹੈ - ਤੁਸੀਂ ਬੱਚਿਆਂ ਦੀ ਸੇਵਾ ਵਿੱਚ। ਸਮਝਾਉਂਦੇ ਹਨ - ਹੇ ਰੂਹਾਨੀ ਬੱਚਿਓ, ਤੁਸੀਂ ਸਤੋਪ੍ਰਧਾਨ ਸੀ, ਫੇਰ ਤਮੋਪ੍ਰਧਾਨ ਬਣੇ। ਇਹ ਸ੍ਰਿਸ਼ਟੀ ਦਾ ਚੱਕਰ ਫਿਰਦਾ ਹੈ ਨਾ। ਪਾਵਨ ਦੁਨੀਆਂ ਇਨ੍ਹਾਂ ਦੇਵਤਿਆਂ ਦੀ ਹੀ ਸੀ। ਉਹ ਸਭ ਕਿੱਥੇ ਗਏ? ਇਹ ਕਿਸੇ ਨੂੰ ਵੀ ਪਤਾ ਨਹੀਂ। ਮੁੰਝੇ ਹੋਏ ਹਨ। ਬਾਪ ਆਕੇ ਤੁਹਾਨੂੰ ਸਮਝਦਾਰ ਬਣਾਉਂਦੇ ਹਨ। ਬੱਚੇ ਮੈਂ ਇੱਕ ਹੀ ਵਾਰ ਆਉਂਦਾ ਹਾਂ, ਪਾਵਨ ਦੁਨੀਆਂ ਵਿੱਚ ਮੈਂ ਆਵਾਂ ਹੀ ਕਿਓਂ! ਉੱਥੇ ਤਾਂ ਕਾਲ ਆ ਹੀ ਨਹੀਂ ਸਕਦਾ। ਬਾਪ ਤਾਂ

ਕਾਲਾਂ ਦਾ ਕਾਲ ਹੈ। ਸਤਿਯੁਗ ਵਿੱਚ ਆਉਣ ਦੀ ਲੋੜ ਹੀ ਨਹੀਂ। ਉੱਥੇ ਕਾਲ ਵੀ ਨਹੀਂ ਆਉਂਦਾ ਅਤੇ ਮਹਾਕਾਲ ਵੀ ਨਹੀਂ ਆਉਂਦਾ। ਇਹ ਆਕੇ ਸਭ ਆਤਮਾਵਾਂ ਨੂੰ ਲੈ ਜਾਂਦੇ ਹਨ। ਖੁਸ਼ੀ ਨਾਲ ਚਲਦੇ ਹੋ ਨਾ! ਹਾਂ ਬਾਬਾ, ਅਸੀਂ ਖੁਸ਼ੀ ਨਾਲ ਚੱਲਣ ਨੂੰ ਤਿਆਰ ਹਾਂ। ਤਾਂ ਹੀ ਤੇ ਤੁਹਾਨੂੰ ਬੁਲਾਇਆ ਸੀ ਇਸ ਪਤਿਤ ਦੁਨੀਆਂ ਤੋਂ ਪਾਵਨ ਦੁਨੀਆਂ ਵਿੱਚ ਲੈ ਚੱਲੋ ਵਾਇਆ ਸ਼ਾਂਤੀਧਾਮ। ਇਹ ਗੱਲਾਂ ਘੜੀ - ਘੜੀ ਭੁੱਲ ਨਾ ਜਾਵੇ। ਪਰੰਤੂ ਮਾਇਆ ਦੁਸ਼ਮਣ ਖੜ੍ਹੀ ਹੈ, ਘੜੀ - ਘੜੀ ਭੁਲਾ ਦਿੰਦੀ ਹੈ ਮੈਂ ਮਾਸਟਰ ਸ੍ਰਵਸ਼ਕਤੀਮਾਨ ਹਾਂ, ਤਾਂ ਮਾਇਆ ਵੀ ਸ਼ਕਤੀਮਾਨ ਹੈ। ਉਹ ਵੀ ਅੱਧਾਕਲਪ ਤੁਹਾਡੇ ਤੇ ਰਾਜ ਕਰਦੀ ਹੈ, ਭੁਲਾ ਦਿੰਦੀ ਹੈ ਇਸ ਲਈ ਰੋਜ਼ - ਰੋਜ਼ ਬਾਪ ਨੂੰ ਸਮਝਾਉਣਾ ਪੈਂਦਾ ਹੈ, ਰੋਜ਼ ਸੁਜਾਗ ਨਾ ਕਰਨ ਤਾਂ ਮਾਇਆ ਬਹੁਤ ਨੁਕਸਾਨ ਕਰ ਦੇਵੇ। ਖੇਲ੍ਹ ਹੈ ਪਵਿੱਤਰ ਅਤੇ ਅਪਵਿੱਤਰ ਦਾ। ਹੁਣ ਬਾਪ ਕਹਿੰਦੇ ਹਨ ਆਪਣੀ ਚਲਣ ਸੁਧਾਰਨ ਲਈ ਪਵਿੱਤਰ ਬਣੋ। ਕਾਮ ਵਿਕਾਰ ਦੇ ਲਈ ਕਿੰਨੇ ਝਗੜ੍ਹੇ ਹੁੰਦੇ ਹਨ।

ਬਾਪ ਕਹਿੰਦੇ ਹਨ ਹੁਣ ਤੁਹਾਨੂੰ ਗਿਆਨ ਦਾ ਤੀਸਰਾ ਨੇਤ੍ਰ ਮਿਲਿਆ ਹੈ ਤਾਂ ਆਤਮਾਵਾਂ ਨੂੰ ਹੀ ਦੇਖੋ। ਇਨ੍ਹਾਂ ਜਿਸਮਾਨੀ ਨੇਤਰਾਂ ਨਾਲ ਵੇਖੋ ਹੀ ਨਹੀਂ। ਅਸੀਂ ਸਾਰੀਆਂ ਆਤਮਾਵਾਂ ਭਰਾ -ਭਰਾ ਹਾਂ। ਵਿਕਾਰ ਕਿਵੇਂ ਕਰੀਏ। ਅਸੀਂ ਅਸ਼ਰੀਰੀ ਆਏ ਸੀ, ਫੇਰ ਅਸ਼ਰੀਰੀ ਬਣਕੇ ਜਾਣਾ ਹੈ। ਆਤਮਾ ਸਤੋਪ੍ਰਧਾਨ ਆਈ ਸੀ, ਸਤੋਪ੍ਰਧਾਨ ਬਣਕੇ ਜਾਣਾ ਹੈ ਸਵੀਟ ਹੋਮ। ਮੁੱਖ ਹੈ ਹੀ ਪਵਿੱਤਰਤਾ ਦੀ ਗੱਲ। ਮਨੁੱਖ ਕਹਿੰਦੇ ਹਨ ਰੋਜ਼ ਉਹ ਹੀ ਗੱਲ ਸਮਝਾਉਂਦੇ ਹਾਂ, ਇਹ ਤਾਂ ਠੀਕ ਹੈ। ਪਰੰਤੂ ਜੋ ਸਮਝਾਇਆ ਜਾਂਦਾ ਹੈ, ਉਸਤੇ ਚੱਲੋ ਵੀ ਨਾ। ਕਰਨ ਲਈ ਸਮਝਾਇਆ ਜਾਂਦਾ ਹੈ। ਪਰੰਤੂ ਕੋਈ ਚਲਦੇ ਥੋੜ੍ਹੀ ਨਾ ਹਨ ਤਾਂ ਜ਼ਰੂਰ ਰੋਜ਼ - ਰੋਜ਼ ਸਮਝਾਉਣਾ ਪਵੇ। ਇੰਵੇਂ ਥੋੜ੍ਹੀ ਨਾ ਕਹਿੰਦੇ ਹਨ - ਬਾਬਾ ਤੁਸੀਂ ਤਾਂ ਰੋਜ਼ ਸਮਝਾਉਂਦੇ ਹੋ ਉਹ ਅਸੀਂ ਚੰਗੀ ਤਰ੍ਹਾਂ ਸਮਝ ਲਿਆ ਹੈ, ਹੁਣ ਅਸੀਂ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣ ਜਾਵਾਂਗੇ। ਤੁਸੀਂ ਛੁੱਟੋ। ਇੰਵੇਂ ਕਹਿੰਦੇ ਹਨ ਕੀ? ਇਸ ਲਈ ਬਾਬਾ ਨੂੰ ਰੋਜ ਸਮਝਾਉਣਾ ਪੈਂਦਾ ਹੈ। ਗੱਲ ਤਾਂ ਇੱਕ ਹੀ ਹੈ। ਪਰੰਤੂ ਕਰਦੇ ਨਹੀਂ ਹਨ ਨਾ। ਬਾਪ ਨੂੰ ਯਾਦ ਹੀ ਨਹੀਂ ਕਰਦੇ ਹਨ। ਕਹਿੰਦੇ ਹਨ ਬਾਬਾ ਘੜੀ - ਘੜੀ ਭੁੱਲ ਜਾਂਦੇ ਹਾਂ। ਬਾਪ ਨੂੰ ਬਾਰ - ਬਾਰ ਕਹਿਣਾ ਪੈਂਦਾ ਹੈ ਯਾਦ ਦਵਾਉਣ ਦੇ ਲਈ। ਤੁਸੀਂ ਵੀ ਇੱਕ - ਦੂਸਰੇ ਨੂੰ ਇਹ ਹੀ ਸਮਝਾਓ - ਆਪਣੇ ਨੂੰ ਆਤਮਾ ਸਮਝ ਪਰਮਾਤਮਾ ਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਕੱਟ ਜਾਣ, ਹੋਰ ਕੋਈ ਉਪਾਅ ਨਹੀਂ। ਸ਼ੁਰੂ ਅਤੇ ਅੰਤ ਵਿੱਚ ਇਹ ਹੀ ਗੱਲ ਕਹਿੰਦੇ ਹਨ। ਯਾਦ ਨਾਲ ਹੀ ਸਤੋਪ੍ਰਧਾਨ ਬਣਨਾ ਹੈ। ਖੁੱਦ ਹੀ ਲਿਖਦੇ ਹਨ - ਬਾਬਾ, ਮਾਇਆ ਦੇ ਤੂਫ਼ਾਨ ਭੁਲਾ ਦਿੰਦੇ ਹਨ। ਤਾਂ ਕੀ ਬਾਪ ਸਾਵਧਾਨ ਨਾ ਕਰੇ, ਛੱਡ ਦੇਵੇ? ਬਾਪ ਜਾਣਦੇ ਹਨ ਨੰਬਰਵਾਰ ਪੁਰਸ਼ਾਰਥ ਅਨੁਸਾਰ ਹਨ। ਜਦ ਤੱਕ ਸਤੋਪ੍ਰਧਾਨ ਨਹੀਂ ਬਣੇ ਹਨ ਜਾ ਨਹੀਂ ਸਕਦੇ। ਲੜ੍ਹਾਈ ਦਾ ਵੀ ਕੁਨੈਕਸ਼ਨ ਹੈ ਨਾ। ਲੜ੍ਹਾਈ ਲੱਗੇਗੀ ਵੀ ਉਦੋਂ ਜਦ ਤੁਸੀਂ ਨੰਬਰਵਾਰ ਪੁਰਸ਼ਾਰਥ ਅਨੁਸਾਰ ਸਤੋਪ੍ਰਧਾਨ ਬਣੋਗੇ। ਗਿਆਨ ਤੇ ਇੱਕ ਸੈਕਿੰਡ ਦਾ ਹੈ। ਬੇਹੱਦ ਦੇ ਬਾਪ ਨੂੰ ਪਾਇਆ, ਹੁਣ ਉਨ੍ਹਾਂ ਤੋਂ ਬੇਹੱਦ ਦਾ ਸੁੱਖ ਉਦੋਂ ਮਿਲੇਗਾ ਜਦ ਪਵਿੱਤਰ ਬਣੋਗੇ। ਪੁਰਸ਼ਾਰਥ ਚੰਗੀ ਤਰ੍ਹਾਂ ਕਰਨਾ ਹੈ। ਕਈ ਤਾਂ ਕੁਝ ਵੀ ਸਮਝਦੇ ਨਹੀਂ ਹਨ। ਬਾਪ ਨੂੰ ਯਾਦ ਕਰਨ ਦੀ ਅਕਲ ਵੀ ਨਹੀਂ ਆਉਂਦੀ ਹੈ। ਕਦੇ ਇਹ ਪੜ੍ਹਾਈ ਤਾਂ ਪੜ੍ਹੀ ਨਹੀਂ ਹੈ। ਸਾਰੇ ਚੱਕਰ ਵਿੱਚ ਨਿਰਾਕਾਰ ਬਾਪ ਤੋਂ ਕੋਈ ਪੜ੍ਹਿਆ ਨਹੀਂ ਹੈ। ਤਾਂ ਇਹ ਨਵੀ ਗੱਲ ਹੈ ਨਾ। ਬਾਪ ਕਹਿੰਦੇ ਹਨ ਮੈਂ ਤਾਂ ਹਰ 5 ਹਜ਼ਾਰ ਵਰ੍ਹਿਆਂ ਬਾਦ ਆਉਂਦਾ ਹਾਂ - ਤੁਹਾਨੂੰ ਸਤੋਪ੍ਰਧਾਨ ਬਣਾਉਣ। ਜਦੋਂ ਤੱਕ ਸਤੋਪ੍ਰਧਾਨ ਨਹੀਂ ਬਣੇ ਹੋ ਉਦੋਂ ਤੱਕ ਇਹ ਪਦਵੀ ਪਾ ਨਹੀਂ ਸਕੋਗੇ। ਜਿਵੇਂ ਦੂਸਰੀ ਪੜ੍ਹਾਈ ਵਿੱਚ ਫੇਲ੍ਹ ਹੁੰਦੇ ਹਨ ਓਵੇਂ ਇਸ ਵਿੱਚ ਵੀ ਫੇਲ੍ਹ ਹੁੰਦੇ ਹਨ। ਸ਼ਿਵਬਾਬਾ ਨੂੰ ਯਾਦ ਕਰਨ ਨਾਲ ਕੀ ਹੋਵੇਗਾ ਕੁਝ ਨਹੀਂ ਸਮਝਦੇ। ਬਾਪ ਹੈ ਤਾਂ ਜ਼ਰੂਰ ਬਾਪ ਤੋਂ ਸ੍ਵਰਗ ਦਾ ਵਰਸਾ ਮਿਲਣਾ ਹੈ। ਬਾਪ ਇੱਕ ਹੀ ਵਾਰੀ ਸਮਝਾਉਂਦੇ ਹਨ, ਜਿਸ ਨਾਲ ਤੁਸੀਂ ਦੇਵਤਾ ਬਣਦੇ ਹੋ। ਤੁਸੀਂ ਦੇਵਤਾ ਬਣੋਗੇ ਫੇਰ ਨੰਬਰਵਾਰ ਸਭ ਆਉਣਗੇ ਪਾਰਟ ਵਜਾਉਣ। ਇੰਨੀਆਂ ਸਭ ਗੱਲਾਂ ਬੁੱਢਿਆਂ ਆਦਿ ਦੀ ਬੁੱਧੀ ਵਿੱਚ ਬੈਠ ਨਹੀਂ ਸਕਦੀਆਂ। ਤਾਂ ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਬਸ, ਉਹ ਹੀ ਸ਼ਿਵਬਾਬਾ ਸਭ ਆਤਮਾਵਾਂ ਦਾ ਬਾਪ ਹੈ। ਸ਼ਰੀਰ ਦਾ ਬਾਪ ਤੇ ਹਰ ਕਿਸੇ ਦਾ ਆਪਣਾ - ਆਪਣਾ ਹੈ। ਸ਼ਿਵਬਾਬਾ ਤਾਂ ਹਨ ਨਿਰਾਕਾਰ, ਉਨ੍ਹਾਂ ਨੂੰ ਯਾਦ ਕਰਦੇ - ਕਰਦੇ ਪਵਿੱਤਰ ਬਣ ਸ਼ਰੀਰ ਛੱਡ ਫੇਰ ਬਾਪ ਦੇ ਕੋਲ ਜਾ ਕੇ ਪਹੁੰਚਣਾ ਹੈ। ਬਾਪ ਸਮਝਾਉਂਦੇ ਤਾਂ ਬਹੁਤ ਹਨ ਪ੍ਰੰਤੂ ਸਭ ਇੱਕ ਰਸ ਨਹੀ ਸਮਝਦੇ ਹਨ। ਮਾਇਆ ਭੁਲਾ ਦਿੰਦੀ ਹੈ। ਇਸਨੂੰ ਯੁੱਧ ਕਿਹਾ ਜਾਂਦਾ ਹੈ। ਬਾਪ ਕਿੰਨੀ ਚੰਗੀ ਤਰ੍ਹਾਂ ਬੈਠ ਸਮਝਾਉਂਦੇ ਹਨ। ਕਿਨੀਆਂ ਗੱਲਾਂ ਦੀ ਸਮ੍ਰਿਤੀ ਦਿੰਦੇ ਹਨ। ਮੁੱਖ ਜੋ ਭੁੱਲਾਂ ਹੋਈਆਂ ਹਨ ਉਨ੍ਹਾਂਦੀ ਲਿਸਟ ਬਣਾਓ। ਇੱਕ ਬਾਪ ਸਰਵਵਿਆਪੀ ਦੀ। ਭਗਵਾਨੁਵਾਚ ਮੈਂ ਸਰਵਵਿਆਪੀ ਨਹੀਂ ਹਾਂ। ਸਰਵਵਿਆਪੀ ਤਾਂ 5 ਵਿਕਾਰ ਹਨ, ਇਹ ਬੜੀ ਵੱਡੀ ਭੁੱਲ ਹੈ। ਗੀਤਾ ਦਾ ਭਗਵਾਨ ਸ਼੍ਰੀਕ੍ਰਿਸ਼ਨ ਨਹੀਂ, ਪਰਮਪਿਤਾ ਪ੍ਰਮਾਤਮਾ ਸ਼ਿਵ ਹੈ। ਇਨਾਂ ਭੁੱਲਾਂ ਨੂੰ ਸੁਧਾਰੋ ਤਾਂ ਦੇਵਤਾ ਬਣ ਜਾਵੋਗੇ। ਪਰੰਤੂ ਇੰਵੇਂ ਕਦੇ ਕਿਸੇ ਬੱਚੇ ਨੇ ਲਿਖਿਆ ਨਹੀ ਹੈ ਕਿ ਇੰਵੇਂ ਅਸੀਂ ਸਮਝਾਇਆ ਕਿ ਇਨ੍ਹਾਂ ਭੁੱਲਾਂ ਦੇ ਕਾਰਨ ਹੀ ਭਾਰਤ ਪਾਵਨ ਤੋਂ ਪਤਿਤ ਬਣਿਆ ਹੈ। ਉਹ ਵੀ ਦੱਸਣਾ ਪਵੇ। ਭਗਵਾਨ ਸਰਵਵਿਆਪੀ ਹੋ ਕਿਵੇਂ ਸਕਦਾ ਹੈ। ਭਗਵਾਨ ਤਾਂ ਇੱਕ ਹੈ ਜੋ ਸੁਪ੍ਰੀਮ ਬਾਪ, ਸੁਪ੍ਰੀਮ ਟੀਚਰ, ਸੁਪ੍ਰੀਮ ਸਤਿਗੁਰੂ ਹੈ। ਕਿਸੇ ਵੀ ਦੇਹਧਾਰੀ ਨੂੰ ਸਪ੍ਰੀਮ ਫਾਦਰ, ਟੀਚਰ, ਸਤਿਗੁਰੂ ਕਹਿ ਨਹੀਂ ਸਕਦੇ। ਸ਼੍ਰੀਕ੍ਰਿਸ਼ਨ ਤਾਂ ਸਾਰੀ ਸ੍ਰਿਸ਼ਟੀ ਵਿੱਚ ਸਭ ਤੋਂ ਉੱਚਾ ਹੈ। ਜਦੋਂ ਸ੍ਰਿਸ਼ਟੀ ਸਤੋਪ੍ਰਧਾਨ ਹੁੰਦੀ ਹੈ, ਉਦੋਂ ਉਹ ਆਉਂਦੇ ਹਨ ਫੇਰ ਸਤੋ ਵਿੱਚ ਰਾਮ, ਫੇਰ ਨੰਬਰਵਾਰ ਆਪਣੇ ਸਮੇਂ ਤੇ ਹੀ ਆਉਣਗੇ। ਸ਼ਾਸਤਰਾਂ ਵਿੱਚ ਵਿਖਾਉਂਦੇ ਹਨ। ਸਭ ਦੇ ਵਿਕਾਰ ਲੈ - ਲੈ ਕੇ ਗਲਾ ਹੀ ਕਾਲਾ ਹੋ ਗਿਆ। ਪਰੰਤੂ ਹੁਣ ਸਮਝਾਉਂਦੇ - ਸਮਝਾਉਂਦੇ ਗਲਾ ਹੀ ਸੁੱਕ ਜਾਂਦਾ ਹੈ। ਗੱਲ ਕਿੰਨੀ ਥੋੜ੍ਹੀ ਹੈ ਪਰੰਤੂ ਮਾਇਆ ਕਿੰਨੀ ਜ਼ਬਰਦਸਤ ਹੈ। ਹਰ ਇੱਕ ਆਪਣੇ ਦਿਲ ਤੋਂ ਪੁੱਛੇ - ਅਸੀਂ ਅਜਿਹੇ ਗੁਣਵਾਨ ਸਤੋਪ੍ਰਧਾਨ ਬਣੇ ਹਾਂ?

ਬਾਪ ਸਮਝਾਉਂਦੇ ਹਨ ਜਦੋਂ ਤੱਕ ਵਿਨਾਸ਼ ਨਹੀਂ ਹੋਇਆ ਹੈ ਉਦੋਂ ਤੱਕ ਤੁਸੀਂ ਕਰਮਾਤੀਤ ਅਵਸਥਾ ਨੂੰ ਪਾ ਨਹੀਂ ਸਕੋਗੇ। ਭਾਵੇਂ ਕਿੰਨਾ ਵੀ ਮੱਥਾ ਮਾਰੋ। ਸਾਰਾ ਸਮਾਂ ਸ਼ਿਵਬਾਬਾ ਨੂੰ ਬੈਠ ਯਾਦ ਕਰੋ ਹੋਰ ਕੋਈ ਗੱਲ ਹੀ ਨਾ ਕਰੋ। ਬਸ ਬਾਬਾ ਲੜ੍ਹਾਈ ਤੋਂ ਪਹਿਲਾਂ ਮੈਂ

ਕਰਮਾਤੀਤ ਅਵਸਥਾ ਨੂੰ ਪਾਕੇ ਵਿਖਾਵਾਂਗਾ, ਅਜਿਹਾ ਕੋਈ ਨਿਕਲੇ - ਅਜਿਹਾ ਡਰਾਮਾ ਤੇ ਹੋ ਨਹੀਂ ਸਕਦਾ। ਪਹਿਲੇ ਨੰਬਰ ਵਿੱਚ ਤਾਂ ਇੱਕ ਹੀ ਜਾਣਾ ਹੈ। ਇਹ ਵੀ ਕਹਿੰਦੇ ਹਨ ਸਾਨੂੰ ਕਿੰਨਾ ਮੱਥਾ ਮਾਰਨਾ ਪੈਂਦਾ ਹੈ। ਮਾਇਆ ਤਾਂ ਹੋਰ ਵੀ ਰੁਸਤਮ ਬਣ ਕੇ ਆਉਂਦੀ ਹੈ। ਬਾਬਾ ਖ਼ੁੱਦ ਕਹਿੰਦੇ ਹਨ ਮੇਰੇ ਤੇ ਬਾਜ਼ੂ ਵਿੱਚ ਇੱਕਦਮ ਸ਼ਿਵਬਾਬਾ ਬੈਠਾ ਹੈ, ਤਾਂ ਵੀ ਮੈਂ ਯਾਦ ਨਹੀਂ ਕਰ ਸਕਦਾ ਹਾਂ, ਭੁੱਲ ਜਾਂਦਾ ਹਾਂ। ਸਮਝਦਾ ਹਾਂ ਮੇਰੇ ਨਾਲ ਬਾਬਾ ਹੈ। ਫੇਰ ਮੈਨੂੰ ਵੀ ਤੇ ਯਾਦ ਕਰਨਾ ਪੈਂਦਾ ਹੈ, ਜਿਵੇਂ ਤੁਸੀਂ ਕਰਦੇ ਹੋ। ਇੰਵੇਂ ਨਹੀਂ, ਮੈਂ ਤਾਂ ਨਾਲ ਹਾਂ, ਇਸ ਵਿੱਚ ਹੀ ਖੁਸ਼ ਹੋ ਜਾਣਾ ਹੈ। ਨਹੀਂ, ਮੈਨੂੰ ਵੀ ਕਹਿੰਦੇ ਹਨ ਨਿਰੰਤਰ ਯਾਦ ਕਰੋ। ਨਾਲ ਵਾਲੇ ਤੁਸੀਂ ਰੁਸਤਮ ਹੋ, ਤੁਹਾਨੂੰ ਤੇ ਹੋਰ ਵੀ ਜ਼ਿਆਦਾ ਤੂਫ਼ਾਨ ਆਉਣਗੇ। ਨਹੀਂ ਤਾਂ ਬੱਚਿਆਂ ਨੂੰ ਕਿਵੇਂ ਸਮਝਾ ਸਕੋਗੇ। ਇਹ ਸਭ ਤੂਫ਼ਾਨ ਤਾਂ ਤੁਹਾਡੇ ਤੋਂ ਪਾਸ ਹੋਣਗੇ। ਮੈਂ ਉਨ੍ਹਾਂ ਦੇ ਇਤਨੇ ਨੇੜ੍ਹੇ ਹੁੰਦੇ ਹੋਏ ਵੀ ਕਰਮਾਤੀਤ ਅਵਸਥਾ ਨੂੰ ਪਾ ਨਹੀਂ ਸਕਦਾ ਹਾਂ ਤਾਂ ਫੇਰ ਦੂਸਰਾ ਕੌਣ ਬਣੇਗਾ। ਇਹ ਮੰਜਿਲ ਬਹੁਤ ਉੱਚੀ ਹੈ। ਡਰਾਮੇ ਅਨੁਸਾਰ ਸਾਰੇ ਪੁਰਸ਼ਾਰਥ ਕਰਦੇ ਰਹਿੰਦੇ ਹਨ। ਭਾਵੇਂ ਕੋਈ ਅਜਿਹੀ ਕੋਸ਼ਿਸ਼ ਕਰਕੇ ਵਿਖਾਵੇ - ਬਾਬਾ, ਅਸੀਂ ਤੁਹਾਡੇ ਤੋਂ ਪਹਿਲਾਂ ਕਰਮਾਤੀਤ ਅਵਸਥਾ ਨੂੰ ਪਾਕੇ ਇਹ ਬਣਕੇ ਵਿਖਾਉਂਦੇ ਹਾਂ। ਹੋ ਨਹੀਂ ਸਕਦਾ। ਇਹ ਡਰਾਮਾ ਬਣਿਆ ਬਣਾਇਆ ਹੈ।

ਤੁਹਾਨੂੰ ਪੁਰਸ਼ਾਰਥ ਬਹੁਤ ਕਰਨਾ ਹੈ। ਮੁੱਖ ਸਾਰੀ ਗੱਲ ਹੈ ਕਰੈਕਟਰ ਦੀ। ਦੇਵਤਾਵਾਂ ਦੇ ਕਰੈਕਟਰਜ਼ ਅਤੇ ਪਤਿਤ ਮਨੁੱਖਾਂ ਦੇ ਕਰੈਕਟਰਜ਼ ਵਿੱਚ ਕਿੰਨਾ ਫ਼ਰਕ ਹੈ। ਤੁਹਾਨੂੰ ਵਿਕਾਰੀ ਤੋਂ ਨਿਰਵਿਕਾਰੀ ਬਣਾਉਣ ਵਾਲਾ ਸ਼ਿਵਬਾਬਾ ਹੈ। ਤਾਂ ਹੁਣ ਪੁਰਸ਼ਾਰਥ ਕਰ ਬਾਪ ਨੂੰ ਯਾਦ ਕਰਨਾ ਪਵੇ। ਭੁੱਲੋ ਨਹੀਂ। ਬਾਕੀ ਅਬਲਾਵਾਂ ਵਿਚਾਰੀਆਂ ਪਰਵਸ਼ ਹਨ ਮਤਲਬ ਰਾਵਣ ਦੇ ਵਸ ਹਨ ਤਾਂ ਕੀ ਕਰ ਸਕਦੀਆਂ ਹਨ। ਤੁਸੀਂ ਹੋ ਰਾਮ ਈਸ਼ਵਰ ਦੇ ਵਸ। ਉਹ ਹਨ ਰਾਵਣ ਦੇ ਵਸ। ਤਾਂ ਯੁੱਧ ਚਲਦੀ ਹੈ। ਬਾਕੀ ਰਾਮ ਅਤੇ ਰਾਵਣ ਦੀ ਯੁੱਧ ਨਹੀਂ ਹੁੰਦੀ ਹੈ। ਬਾਪ ਤੁਹਾਨੂੰ ਬੱਚਿਆਂ ਨੂੰ ਵੱਖ - ਵੱਖ ਤਰ੍ਹਾਂ ਨਾਲ ਰੋਜ ਸਮਝਾਉਂਦੇ ਹਨ - ਮਿੱਠੇ - ਮਿੱਠੇ ਬੱਚਿਓ, ਆਪਣੇ ਨੂੰ ਸੁਧਾਰਦੇ ਜਾਵੋ। ਰੋਜ਼ ਰਾਤ ਨੂੰ ਪੋਤਾਮੇਲ ਵੇਖੋ, ਸਾਰੇ ਦਿਨ ਵਿੱਚ ਕੋਈ ਅਸੁਰੀ ਚੱਲਣ ਤੇ ਨਹੀਂ ਚੱਲੀ? ਬਗੀਚੇ ਵਿੱਚ ਫੁੱਲ ਨੰਬਰਵਾਰ ਤਾਂ ਹੁੰਦੇ ਹੀ ਹਨ। ਦੋ ਇਕੋ ਜਿਹੇ ਕਦੇ ਹੋ ਨਹੀਂ ਸਕਦੇ। ਸਾਰੀਆਂ ਆਤਮਾਵਾਂ ਨੂੰ ਆਪਣਾ - ਆਪਣਾ ਪਾਰ੍ਟ ਮਿਲਿਆ ਹੋਇਆ ਹੈ। ਹਰ ਇੱਕ ਐਕਟਰਸ ਪਾਰ੍ਟ ਵਜਾਉਂਦੇ ਰਹਿੰਦੇ ਹਨ। ਬਾਪ ਵੀ ਆਕੇ ਸਥਾਪਨਾ ਦਾ ਕੰਮ ਕਰਕੇ ਹੀ ਛੱਡਦੇ ਹਨ। ਹਰ 5 ਹਜ਼ਾਰ ਸਾਲ ਬਾਦ ਆਕੇ ਵਿਸ਼ਵ ਦਾ ਮਾਲਿਕ ਬਣਾ ਹੀ ਦਿੰਦੇ ਹਨ। ਬੇਹੱਦ ਦਾ ਬਾਪ ਹੈ ਨਾ ਤਾਂ ਜ਼ਰੂਰ ਨਵੀ ਦੁਨੀਆਂ ਦਾ ਵਰਸਾ ਦੇਣਗੇ ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਗਿਆਨ ਦੇ ਤੀਸਰੇ ਨੇਤਰ ਨਾਲ ਆਤਮਾ ਨੂੰ ਹੀ ਵੇਖਣਾ ਹੈ। ਜਿਸਮਾਨੀ ਨੇਤਰਾਂ ਨਾਲ ਵੇਖਣਾ ਹੀ ਨਹੀਂ ਹੈ। ਅਸ਼ਰੀਰੀ ਬਣਨ ਦਾ ਅਭਿਆਸ ਕਰਨਾ ਹੈ।

2. ਬਾਪ ਦੀ ਯਾਦ ਨਾਲ ਆਪਣੇ ਦੈਵੀ ਕਰੈਕਟਰਜ਼ ਬਣਾਉਣੇ ਹਨ। ਆਪਣੇ ਦਿਲ ਤੋਂ ਪੁੱਛਣਾ ਹੈ ਕਿ ਅਸੀਂ ਕਿਥੋਂ ਤੱਕ ਗੁਣਵਾਨ ਬਣੇ ਹਾਂ? ਅਸੀਂ ਸਾਰੇ ਦਿਨ ਵਿੱਚ ਆਸੁਰੀ ਚੱਲਣ ਤੇ ਨਹੀਂ ਚੱਲੀ?

ਵਰਦਾਨ:- ਸਦਾ ਕੇਅਰਫੁਲ ਰਹਿ ਮਾਇਆ ਦੇ ਰਾਇਲ ਰੂਪ ਦੀ ਛਾਂ ਤੋਂ ਸੇਫ ਰਹਿਣ ਵਾਲੇ ਮਾਇਆ ਪ੍ਰੂਫ਼ ਭਵ।

ਇਸ ਵੇਲੇ ਮਾਇਆ ਰਾਇਲ ਸਮਝ ਨੂੰ, ਮਹਿਸੂਸਤਾ ਦੀ ਸ਼ਕਤੀ ਨੂੰ ਗਾਇਬ ਕਰ ਰਾਂਗ ਨੂੰ ਰਾਇਟ ਅਨੁਭਵ ਕਰਾਉਂਦੀ ਹੈ। ਜਿਵੇਂ ਕੋਈ ਜਾਦੂ ਮੰਤਰ ਕਰਦੇ ਹਨ ਤਾਂ ਪਰਵਸ਼ ਹੋ ਜਾਂਦੇ ਹਨ, ਇਵੇਂ ਮਾਇਆ ਰਾਇਲ ਨੂੰ ਸਮਝਣ ਨਹੀਂ ਦਿੰਦੀ ਹੈ ਇਸਲਈ ਬਾਪਦਾਦਾ ਅਟੇਂਸ਼ਨ ਨੂੰ ਡਬਲ ਅੰਡਰ ਲਾਈਨ ਕਰਵਾ ਰਹੇ ਹਨ। ਅਜਿਹਾ ਕੇਅਰਫੁਲ ਰਹੋ ਜੋ ਮਾਇਆ ਦੀ ਛਾਂ ਤੋਂ ਸੇਫ ਮਾਇਆ ਪ੍ਰੂਫ਼ ਬਣ ਜਾਵੋ। ਵਿਸ਼ੇਸ਼ ਮਨ - ਬੁੱਧੀ ਨੂੰ ਬਾਪ ਦੀ ਛਤਰ - ਛਾਂ ਵਿਚ ਲੈ ਆਓ।

ਸਲੋਗਨ:- ਜੋ ਸਹਿਜਯੋਗੀ ਹਨ ਉਨ੍ਹਾਂ ਨੂੰ ਵੇਖ ਕੇ ਦੂਜਿਆਂ ਦਾ ਵੀ ਯੋਗ ਸਹਿਜ ਲੱਗ ਜਾਂਦਾ ਹੈ।

******